ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਮੋਗਾ

# ਸਿੰਚਾਈ ਮੰਤਰੀ ਸ਼੍ਰ; ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਮੋਗਾ 'ਚ 1.30 ਕਰੋੜ ਰੁਪਏ ਦੀ ਲਾਗਤ ਵਾਲੇ 1.25 ਏਕੜ ਵਿੱਚ ਬਣੇ ਆਟੋਮੇਟਿਡ ਡਰਾਈਵਿੰਗ ਟੈਸਟ ਅਤੇ ਸਿਖਲਾਈ ਕੇਂਦਰ ਦਾ ਉਦਘਾਟਨ

- **ਪੰਜਾਬ ਦੇਸ ਦਾ ਪਹਿਲਾ ਸੂਬਾ ਜਿੱਥੇ ਆਟੋਮੈਟਿਕ ਡਰਾਈਵਿੰਗ ਟੈਸਟ ਸ਼ੁਰੂ ਹੋਇਆ ਹੈ- ਸ਼ਰਨਜੀਤ ਸਿੰਘ ਢਿੱਲੋਂ**
- **ਟਰੈਕ ਤੇ ਹੀ ਟੈਸਟ ਪਾਸ ਕਰਨ ਉਪਰੰਤ ਮੌਕੇ 'ਤੇ ਹੀ ਮੁਹੱਈਆ ਕਰਵਾਏ ਜਾਣਗੇ ਡਰਾਈਵਿੰਗ ਲਾਇਸੰਸ**

**ਮੋਗਾ, 21 ਅਪ੍ਰੈਲਃ**

ਸਿੰਚਾਈ ਮੰਤਰੀ ਸਃ ਸ਼ਰਨਜੀਤ ਸਿੰਘ ਢਿੱਲੋਂ ਨੇ ਅੱਜ ਮੋਗਾ ਜਿਲ੍ਹੇ ਦੇ ਪਿੰਡ ਸਿੰਘਾਂ ਵਾਲਾ ਵਿਖੇ 1 ਕਰੋੜ 30 ਲੱਖ ਰੁਪਏ ਦੀ ਲਾਗਤ ਵਾਲੇ 1.25 ਏਕੜ ਵਿੱਚ ਬਣੇ ਆਟੋਮੇਟਿਡ ਡਰਾਈਵਿੰਗ ਟੈਸਟ ਅਤੇ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ।

ਉਨ੍ਹਾਂ ਕਿਹਾ ਕਿ ਇਸ ਕੇਂਦਰ ਤੇ ਲਰਨਿੰਗ ਅਤੇ ਡਰਾਈਵਿੰਗ ਲਾਈਸੈਂਸ ਟੈਸਟ ਪਾਸ ਕਰਨ ਤੋਂ ਬਾਅਦ ਮੌਕੇ 'ਤੇ ਹੀ ਉਪਲਬੱਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋ ਸੜਕ ਹਾਦਸਿਆਂ ਨੂੰ ਘਟਾਉਣ ਅਤੇ ਡਰਾਈਵਿੰਗ ਲਾਇਸੰਸ ਬਨਾਉਣ ਦੀ ਸਮੁੱਚੀ ਪ੍ਰਕਿਰਿਆ ਵਿੱਚ ਵਧੇਰੇ ਪਾਰਦਰਸਤਾ ਲਿਆਉਣ ਲਈ ਰਾਜ ਦੇ ਸਾਰੇ ਜਿਲ੍ਹਿਆਂ ਵਿੱਚ ਅਜਿਹੇ ਡਰਾਈਵਿੰਗ ਟੈਸਟ ਟਰੈਕ ਸੈਂਟਰ ਬਣਵਾਏ ਗਏ ਹਨ ਜਿਸ ਨਾਲ ਬਿਨੈਕਾਰਾਂ ਨੂੰ ਭਵਿੱਖ ਵਿੱਚ ਲਾਇਸੰਸ ਬਣਵਾਉਣ ਲਈ ਕੋਈ ਸਮੱਸਿਆ ਪੇਸ਼ ਨਹੀਂ ਆਵੇਗੀ।

ਇਸ ਮੌਕੇ ਤੇ ਸੰਬੋਧਨ ਕਰਦਿਆਂ ਸਃ ਢਿੱਲੋਂ ਨੇ ਦੱਸਿਆ ਕਿ 'ਆਟੋਮੇਟਿਡ ਡਰਾਇਵਿੰਗ ਟੈਸਟ, ਆਨ-ਲਾਈਨ ਲਾਈਸੈਂਸ ਅਤੇ ਟ੍ਰੇਨਿੰਗ ਕੇਂਦਰ' ਦੇ ਨਾਂ ਹੇਠ ਖੋਲ੍ਹਿਆ ਗਿਆ। ਇਹ ਕੇਂਦਰ ਮੋਗਾ ਜ਼ਿਲਾ ਵਾਸੀਆਂ ਨੂੰ ਕਾਫੀ ਲਾਹਾ ਪਹੁੰਚੇਗਾ, ਕਿਉਂਕਿ ਉਨ੍ਹਾਂ ਨੂੰ ਇਕ ਹੀ ਜਗ੍ਹਾ 'ਤੇ ਉਸੇ ਸਮੇਂ ਟੈਸਟ ਪਾਸ ਕਰਨ ਉਪਰੰਤ ਸੇਵਾਵਾਂ ਦਿੱਤੀਆਂ ਜਾਣਗੀਆਂ। ਜ਼ਿਲ੍ਹੇ ਦੇ ਇਸ ਕੇਂਦਰ ਸਮੇਤ ਸੂਬੇ ਵਿਚ ਅਜਿਹੇ 32 ਮਾਡਰਨ ਟਰੈਕ ਬਣ ਕੇ ਤਿਆਰ ਹੋ ਗਏ ਹਨ।

ਉਨ੍ਹਾਂ ਦੱਸਿਆ ਕਿ ਸੂਬੇ ਦੇ ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਦੇ ਉਪਰਾਲੇ ਸਦਕਾ ਈ-ਗਵਰਨੈਂਸ ਜ਼ਰੀਏ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਹੋਰ ਪ੍ਰਫੁਲੱਤ ਕਰਨ ਲਈ ਉਕਤ ਅਤਿ-ਆਧੁਨਿਕ ਡਰਾਈਵਿੰਗ ਟਰੈਕ ਹੋਂਦ ਵਿਚ ਲਿਆਂਦੇ ਗਏ ਹਨ। ਉਨ੍ਹਾਂ ਦੱਸਿਆ ਕਿ ਮੋਗਾ ਜ਼ਿਲੇ ਦੇ ਇਸ ਟਰੈਕ ਸਮੇਤ ਪੰਜਾਬ ਵਿਚ ਅਜਿਹੇ 32 ਅਤਿ-ਆਧੁਨਿਕ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸਿੰਘਾਵਾਲਾ (ਮੋਗਾ), ਦਸੂਹਾ, ਬਠਿੰਡਾ, ਅੰਮ੍ਰਿਤਸਰ, ਬਰਨਾਲਾ, ਫਾਜ਼ਿਲਕਾ, ਬਟਾਲਾ, ਜਗਰਾਓਂ, ਖੰਨਾ, ਲੁਧਿਆਣਾ-1, ਲੁਧਿਆਣਾ-2, ਮਾਨਸਾ, ਨਵਾਂ ਸ਼ਹਿਰ, ਪਠਾਨਕੋਟ, ਪਟਿਆਲਾ, ਮਲੇਰਕੋਟਲਾ, ਫਿਰੋਜ਼ਪੁਰ, ਜਲੰਧਰ, ਤਰਨਤਾਰਨ, ਫਰੀਦਕੋਟ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਫਿਲੌਰ, ਮੋਹਾਲੀ, ਮੁਕਤਸਰ, ਫਗਵਾੜਾ, ਰੂਪਨਗਰ, ਕਪੂਰਥਲਾ, ਪਾਤੜਾਂ, ਸੰਗਰੂਰ ਅਤੇ ਅਬੋਹਰ ਸ਼ਾਮਿਲ ਹਨ।

ਉਨ੍ਹਾਂ ਦੱਸਿਆ ਕਿ ਟਰੈਕ ਦੇ ਖੁੱਲ੍ਹਣ ਨਾਲ ਟਰਾਂਸਪੋਰਟ ਵਿਭਾਗ ਦੇ ਕੰਮ ਵਿਚ ਹੋਰ ਪਾਰਦਰਸ਼ਤਾ ਆਵੇਗੀ, ਡਰਾਇਵਿੰਗ ਟਰੈਕ ਦੀ ਸ਼ੁਰੂਆਤ ਹੋਣ ਨਾਲ ਬਿਨੈਕਾਰਾਂ ਨੂੰ ਇਕ ਸਥਾਨ 'ਤੇ ਹੀ ਸਮੇਂ-ਸਿਰ ਲਾਈਸੈਂਸ ਪ੍ਰਦਾਨ ਹੋਣਾ ਆਰੰਭ ਹੋ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਦਾ ਸਾਹਮਣਾ ਵੀ ਨਹੀਂ ਕਰਨਾ ਪਵੇਗਾ।

ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੈਂਸ ਲਈ ਆਨ-ਲਾਈਨ ਬਿਨੈ ਕਰਨ ਉਪਰੰਤ ਟੈਸਟ ਲਿਆ ਜਾਵੇਗਾ ਅਤੇ ਟੈਸਟ ਪਾਸ ਕਰਨ ਤੋਂ ਬਾਅਦ ਮੌਕੇ 'ਤੇ ਲਾਇਸੈਂਸ ਮੁਹੱਈਆ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਡਰਾਈਵਿੰਗ ਟੈਸਟ ਵਿਸ਼ੇਸ਼ ਤੌਰ 'ਤੇ ਡਿਜ਼ਾਇਨ ਕੀਤੇ ਗਏ ਟਰੈਕ ਵਿਚ ਲਿਆ ਜਾਵੇਗਾ, ਜਿੱਥੇ ਹਰੇਕ ਸਹੂਲਤ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ

ਬਾਇਓਮੀਟਰਕ, ਵੈਬ ਕਾਸਟਿੰਗ ਕੈਮਰੇ, ਬੀਮ ਸੈਂਸਰ ਅਤੇ ਵਾਇਬਰੇਸ਼ਨ ਸੈਂਸਰ ਆਦਿ ਆਧੁਨਿਕ ਇਲੈਕਟ੍ਰੋਨਿਕ ਸਾਜ਼ੋ-ਸਮਾਨ ਹੋਵੇਗਾ। ਉਨ੍ਹਾਂ ਦੱਸਿਆ ਕਿ ਦੋ ਪਹੀਆਂ ਤੇ ਚਾਰ ਪਹੀਆ ਵਾਹਨਾਂ ਦੇ ਲਾਇਸੈਂਸ ਲਈ ਵੱਖੋ-ਵੱਖਰੇ ਟਰੈਕ ਬਣਾਏ ਗਏ ਹਨ।

ਡਿਪਟੀ ਕਮਿਸ਼ਨਰ ਸ਼੍ਰੀ ਕੁਲਦੀਪ ਸਿੰਘ ਵੈਦ ਨੇ ਦੱਸਿਆ ਕਿ ਟਰੈਕ ਤੋਂ ਇਲਾਵਾ ਡਰਾਈਵਿੰਗ ਦੀ ਸਿਖਲਾਈ ਦੇਣ ਲਈ ਸਰਕਾਰ ਵਲੋਂ ਮਰੂਤੀ ਸਜ਼ੂਕੀ ਪ੍ਰਾਈਵੇਟ ਲਿਮਟਿਡ ਨਾਲ ਇਥੇ ਇਕ ਡਰਾਇਵਿੰਗ ਸੈਂਟਰ ਖੋਲ੍ਹਣ ਸਬੰਧੀ ਐਮ.ਓ.ਯੂ ਸਾਈਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਟੈਸਟ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਵੱਲੋਂ ਲਿਆ ਜਾਵੇਗਾ ਅਤੇ ਸਿਖਲਾਈ ਮਰੂਤੀ ਸਜ਼ੂਕੀ ਪ੍ਰਾਈਵੇਟ ਲਿਮਟਿਡ ਵਲੋਂ ਦਿੱਤੀ ਜਾਵੇਗੀ।

ਉਨ੍ਹਾਂ ਨੇ ਦੱਸਿਆ ਕਿ ਟਰੈਕ ’ਤੇ ਹੀ ਜਨਮ ਸਰਟੀਫਿਕੇਟ ਅਤੇ ਰਿਹਾਇਸ਼ੀ ਪਤੇ ਦੇ ਸਬੂਤ ਨਾਲ ਆਨ-ਲਾਈਨ ਅਪਲਾਈ ਅਤੇ ਆਨ-ਲਾਈਨ ਫੀਸ ਭਰਕੇ ਕੰਪਿਊਟਰ ਰਾਹੀਂ ਟੈਸਟ ਪਾਸ ਕਰਨ ਉਪਰੰਤ ਲਰਨਿੰਗ ਲਾਇਸੈਂਸ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਪੱਕੇ ਡਰਾਈਵਿੰਗ ਲਾਇਸੈਂਸ ਲਈ ਟੈਸਟ ਪਾਸ ਕਰਨਾ ਜ਼ਰੂਰੀ ਹੋਵੇਗਾ ਅਤੇ ਟਰੈਕ ’ਤੇ ਹੀ ਟੈਸਟ ਪਾਸ ਕਰਨ ਉਪਰੰਤ ਮੌਕੇ ’ਤੇ ਹੀ ਪੱਕਾ ਡਰਾਇਵਿੰਗ ਲਾਈਸੈਂਸ ਬਣਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੈਡੀਕਲ ਟੈਸਟ ਲਈ ਡਾਕਟਰ ਵੀ ਇਸੇ ਕੇਂਦਰ ਵਿਖੇ ਤਾਇਨਾਤ ਰਹਿਣਗੇ।

ਇਸ ਸਮੇਂ ਹੋਰਨਾਂ ਤੋ ਇਲਾਵਾ ਵਿਧਾਇਕ ਸ਼੍ਰੀ ਜੋਗਿੰਦਰ ਪਾਲ ਜੈਨ, ਮੇਅਰ ਅਕਸਤ ਜੈਨ, ਵਧੀਕ ਮੇਅਰ ਅਨਿਲ ਬਾਂਸਲ, ਚੇਅਰਮੈਨ ਹੈਲਥ ਸਿਸਟਮ ਕਾਰਪੋਰੇਸ਼ਨ ਬਰਜਿੰਦਰ ਸਿੰਘ ਬਰਾੜ, ਚੇਅਰਮੈਨ ਜਿਲ੍ਹਾ ਪ੍ਰੀਸਦ ਬੀਬੀ ਅਮਰਜੀਤ ਕੌਰ ਸਾਹੋਕੇ, ਚੇਅਰਮੈਨ ਜੈਨਕੋ ਜਗਤਾਰ ਸਿੰਘ ਰਾਜੇਆਣਾ, ਵਧੀਕ ਡਿਪਟੀ ਕਮਿਸ਼ਨਰ ਅਰਵਿੰਦਪਾਲ ਸਿੰਘ ਸੰਧੂ, ਜਿਲ੍ਹਾ ਟਰਾਂਸਪੋਰਟ ਅਫਸਰ ਅਨੀਤਾ ਦਰਸੀ, ਰਣਵਿੰਦਰ ਸਿੰਘ ਰਾਮੂ ਵਾਲੀਆ, ਜਗਜੀਤ ਸਿੰਘ ਜੌੜਾ ਪੀ.ਏ ਟੂ ਚੇਅਰਮੈਨ ਤੀਰਥ ਸਿੰਘ ਮਾਹਲਾ ਤੋ ਇਲਵਾ ਪ੍ਰੋਫੈਸਰ ਜਸਵਿੰਦਰ ਧਨਾਨਸੂ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।

----------------

ਨੰ: ਪੀ.ਆਰ (ਪ੍ਰੈ ਰੀ)-2016/




ਡਰਾਈਵਿੰਗ ਸੈਂਟਰ
ਸਬੰਧੀ ਮਿਤੀ 21 ਅਪ੍ਰੈਲ 2016 ਨੂੰ ਪਿੰਡ ਸਿੰਘਾਂ ਵਾਲਾ (ਮੋਗਾ) ਵਿਖੇ
ਜ਼ਿਲ੍ਹਾ ਪੱਧਰੀ ਉਦਘਾਟਨੀ ਸਮਾਗਮ


ਆਟੋਮੇਟਿਡ
ਸਬੰਧੀ ਮਿਤੀ 21 ਅਪ੍ਰੈਲ 2016 ਨੂੰ ਪਿੰਡ ਸਿੰਘਾਂ
ਜ਼ਿਲ੍ਹਾ ਪੱਧਰੀ ਉਦਘਾਟਨੀ


ਆਟੋਮੇਟਿਡ ਡਰਾਈਵਿੰਗ ਸੈਂਟਰ
ਸਬੰਧੀ ਮਿਤੀ 21 ਅਪ੍ਰੈਲ 2016 ਨੂੰ ਪਿੰਡ ਸਿੰਘਾਂ ਵਾਲਾ (ਮੋਗਾ) ਵਿਖੇ
ਜ਼ਿਲ੍ਹਾ ਪੱਧਰੀ ਉਦਘਾਟਨੀ ਸਮਾਗਮ


ਨਿਰਮਾਣ ਵਿਭਾਗ ਭਵਨ ਤੇ ਮਾਰਗ


ਸਬੰਧੀ ਮਿਤੀ
ਜ਼ਿਲ੍ਹਾ
ਮੁੱਖ ਮਹਿਮਾਨ:

